ਸੁਪਨੇ

ਅਸਮਾਨ ਕਾਲਾ ਹੋ ਗਿਆ ਸੀ। ਮੀਂਹ ਤੇਜ਼ੀ ਨਾਲ ਵਰ੍ਹ ਰਿਹਾ ਸੀ। ਮੀਰਾ ਖਿੜਕੀ ਕੋਲ ਬੈਠੀ ਇਹ ਸਭ ਦੇਖ ਰਹੀ ਸੀ। ਉਸਨੂੰ ਮੀਂਹ ਕਿੰਨਾ ਪਿਆਰਾ ਸੀ! ਜਦੋਂ ਬੱਦਲ ਹਟੇ, ਮੀਰਾ ਆਪਣੀ ਭੈਣ ਰਾਣੀ ਨਾਲ ਬਾਹਰ ਦੌੜ ਪਈ। ਉਹਨਾਂ ਨੇ ਆਪਣੇ ਹੱਥਾਂ ਵਿੱਚ ਛੱਤ ਤੋਂ ਡਿੱਗ ਰਹੀਆਂ ਬੂੰਦਾਂ ਫੜੀਆਂ। ਉਹ ਘਰ ਦੇ ਕੋਲ ਬਣੇ ਪਾਣੀ ਦੇ ਛਪੜਾਂ ਵਿੱਚ ਛਾਲਾਂ ਮਾਰਦੇ ਰਹੇ। ਉਹਨਾਂ ਨੇ ਛੋਟੀਆਂ ਕਾਗਜ਼ ਦੀਆਂ ਕਿਸ਼ਤੀਆਂ ਬਣਾਕੇ ਪਾਣੀ ਵਿੱਚ ਤੈਰਾਈਆਂ। ਕਿੰਨੀ ਮਜ਼ੇਦਾਰ ਗੱਲ ਸੀ! ਅਚਾਨਕ, ਜਿਵੇਂ ਕੋਈ ਜਾਦੂ ਹੋਵੇ, ਇੱਕ ਸਤਰੰਗੀ ਪੀਂਘ ਨਜ਼ਰ ਆਈ । ਲਾਲ! ਨੀਲਾ! ਪੀਲਾ! ਜਾਮਨੀ! ਕਿੰਨੇ ਸੋਹਣੇ ਰੰਗ! ਮੀਰਾ ਦੀਆਂ ਅੱਖਾਂ ਉਸ ਤੋਂ ਹਟਦੀਆਂ ਹੀ ਨਹੀਂ ਸਨ।



ਫਿਰ, ਜਿਵੇਂ ਕੋਈ ਸੁਪਨਾ ਹੋਵੇ, ਉਸਨੇ ਅਸਮਾਨ ਵਿੱਚ ਇੱਕ ਪੁਲ ਵੇਖਿਆ! ਉਹ ਉਸ ਪੁਲ ’ਤੇ ਤੁਰਨ ਲੱਗ ਪਈ। ਸਾਰੀ ਦੁਨੀਆ ਉਸਦੇ ਆਲੇ-ਦੁਆਲੇ ਫੈਲੀ ਹੋਈ ਸੀ! “ਮੀਰਾ! ਮਾਂ ਸਾਨੂੰ ਬੁਲਾ ਰਹੀ ਹੈ!” ਰਾਣੀ ਦੀ ਆਵਾਜ਼ ਹੌਲੀ-ਹੌਲੀ ਸੁਣਾਈ ਦਿੱਤੀ ਅਤੇ ਮੀਰਾ ਵਾਪਸ ਹਕੀਕਤ ਵਿੱਚ ਆ ਗਈ। ਉਸਦਾ ਸੁਪਨਾ ਹੌਲੇ-ਹੌਲੇ ਖਤਮ ਹੋ ਗਿਆ।

ਅਗਲਾ ਦਿਨ ਇੱਕ ਆਮ ਸਕੂਲ ਵਾਲਾ ਦਿਨ ਸੀ। ਦੋਵੇਂ ਭੈਣਾਂ ਹਮੇਸ਼ਾਂ ਵਾਂਗ ਸਕੂਲ ਨੂੰ ਤੁਰ ਪਈਆਂ। ਅਚਾਨਕ ਉਹਨਾਂ ਨੇ ਇੱਕ ਚਿੱਟਾ ਬਗਲਾ ਅਸਮਾਨ ਵਿੱਚ ਉੱਚਾ ਉੱਡਦਾ ਵੇਖਿਆ। ਮੀਰਾ ਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ। ਹੁਣ ਉਹ ਖੁਦ ਵੀ ਉੱਡ ਰਹੀ ਸੀ! ਜੰਗਲ, ਪਹਾੜ, ਸ਼ਹਿਰ ਅਤੇ ਪਿੰਡ ਉਸਦੇ ਹੇਠਾਂ ਦੂਰ ਤੱਕ ਫੈਲੇ ਹੋਏ ਸਨ। ਪਰ ਜਲਦੀ ਹੀ ਰਾਣੀ ਦੀ ਆਵਾਜ਼ ਨੇ ਉਸਨੂੰ ਵਾਪਸ ਬੁਲਾ ਲਿਆ।





ਸਭ ਤੋਂ ਸੋਹਣੇ ਦ੍ਰਿਸ਼ ਮੀਰਾ ਦੇ ਆਪਣੇ ਪਿੰਡ ਦੇ ਮੂਰਤੀਆਂ ਅਤੇ ਪੁਰਾਤਨ ਮੰਦਰਾਂ ਦੇ ਸਨ। ਉਹ ਆਪਣੀਆਂ ਮਨਪਸੰਦ ਮੂਰਤੀਆਂ ਬਣਾਉਣ ਦੀ ਕਲਪਨਾ ਕਰਦੀ ਸੀ। ਉਹ ਮੂਰਤੀਕਾਰ ਬਣਨ ਦੀ ਬਹੁਤ ਇੱਛਾ ਰੱਖਦੀ ਸੀ! “ਚਲੋ ਅਸੀਂ ਦੋਵੇਂ ਮੂਰਤੀਕਾਰ ਬਣੀਏ!” ਉਹ ਹਰ ਵਾਰ ਮੰਦਰ ਕੋਲੋਂ ਲੰਘਦਿਆਂ ਰਾਣੀ ਨੂੰ ਕਹਿੰਦੀ।




ਉਨ੍ਹਾਂ ਦੇ ਘਰ ਦੇ ਨੇੜੇ ਇੱਕ ਤਲਾਬ ਸੀ , ਜਿਸ ਵਿੱਚ ਕਈ ਮੱਛੀਆਂ ਤੈਰਦੀਆਂ ਸਨ। ਮੀਰਾ ਨੂੰ ਉਹਨਾਂ ਦੀ ਅਜੀਬ ਜ਼ਿੰਦਗੀ ਦੇਖਣਾ ਬਹੁਤ ਪਸੰਦ ਸੀ। ਉਸਦੀ ਕਲਪਨਾ ਫਿਰ ਦੌੜ ਪੈਂਦੀ। ਹੁਣ ਉਹ ਖੁਦ ਸਮੁੰਦਰ ਵਿੱਚ ਤੈਰ ਰਹੀ ਸੀ! ਉਹ ਗਹਿਰਾਈ ਵਿੱਚ ਡੁੱਬਦੀ ਅਤੇ ਲਹਿਰਾਂ ਤੋਂ ਉੱਚੀ ਛਾਲ ਮਾਰਦੀ।

"ਤੂੰ ਕੀ ਸੋਚ ਰਹੀ ਹੈਂ?" ਰਾਣੀ ਨੇ ਪੁੱਛਿਆ। "ਮੈਨੂੰ ਸਭ ਕੁਝ ਦੱਸ!"

ਮੀਰਾ ਨੇ ਆਪਣੇ ਸੁਪਨੇ ਵਿੱਚ ਕੀ ਕੁਝ ਵੇਖਿਆ ਅਤੇ ਕੀਤਾ, ਸਭ ਕੁਝ ਉਸਨੂੰ ਦੱਸਿਆ। ਇਹ ਕਹਾਣੀ ਰਾਣੀ ਦੇ ਮਨ ਨੂੰ ਵੀ ਛੂਹ ਗਈ। ਉਹ ਵੀ ਸੁਪਨਿਆਂ ਦੀ ਮਿਠਾਸ ਮਹਿਸੂਸ ਕਰਨ ਲੱਗੀ।

"ਅਗਲੀ ਵਾਰ ਮੈਨੂੰ ਵੀ ਨਾਲ ਲੈ ਜਾਏਂਗੀ?" ਉਸਨੇ ਪੁੱਛਿਆ।

"ਜ਼ਰੂਰ!" ਮੀਰਾ ਮੁਸਕੁਰਾਈ।



Publisher Rajalakshmi Srinivasan Memorial Foundation

P. Saraswati V. Vijayakanthi

L. S. Saraswathi S. Rajalakshmi

Punjabi Ramanpreet Kaur

Artist Uma Krishnaswamy

ਵੇਖੋ ਇਹ ਕਿਵੇਂ ਦੌੜਦੇ ਹਨ!

ਜਦੋਂ ਦੁਨੀਆ ਨਵੀਂ-ਨਵੀਂ ਸੀ, ਕੁੱਤਾ, ਬਿੱਲੀ ਅਤੇ ਚੂਹਾ ਦੋਸਤਾਂ ਵਾਂਗ ਇਕੱਠੇ ਰਹਿੰਦੇ ਸਨ। ਉਹ ਹਰ ਚੀਜ਼ ਬਰਾਬਰ ਵੰਡਦੇ ਸਨ। ਕੰਮ ਹੋਵੇ ਜਾਂ ਖੇਡ, ਉਹ ਇਕ-ਦੂਜੇ ਦੀ ਸੰਗਤ ਦਾ ਆਨੰਦ ਲੈਂਦੇ ਸਨ। ਉਹਨਾਂ ਦੀ ਜ਼ਿੰਦਗੀ ਬਹੁਤ ਸ਼ਾਂਤ ਸੀ। ਪਰ ਇੱਕ ਗੱਲ ਉਹਨਾਂ ਨੂੰ ਪਰੇਸ਼ਾਨ ਕਰਦੀ ਸੀ, ਅਤੇ ਉਹ ਸੀ ਉਹਨਾਂ ਦੇ ਸ਼ੋਰ ਮਚਾਉਂਦੇ ਗੁਆਂਢੀ। ਤਿੰਨੋਂ ਦੋਸਤ ਉਹਨਾਂ ਦੀਆਂ ਚੀਕਾਂ ਤੋਂ ਬਚ ਨਹੀਂ ਸਕਦੇ ਸਨ। ਇੱਕ ਦਿਨ ਕੁੱਤੇ ਨੇ ਕਿਹਾ, “ਵੇਖੋ ਇਹ ਕਿਵੇਂ ਲੜਦੇ ਹਨ!”





ਬਿੱਲੀ ਨੇ ਕਿਹਾ, “ਇਹ ਸਾਡੇ ਵਾਂਗ ਸ਼ਾਂਤੀ ਨਾਲ ਕਿਉਂ ਨਹੀਂ ਰਹਿ ਸਕਦੇ?” ਚੂਹੇ ਨੇ ਕਿਹਾ, “ਆਓ ਅਸੀਂ ਵਾਅਦਾ ਕਰੀਏ ਕਿ ਅਸੀਂ ਕਦੇ ਨਹੀਂ ਲੜਾਂਗੇ ਅਤੇ ਸਦਾ ਲਈ ਦੋਸਤ ਰਹਾਂਗੇ।”

ਕੁੱਤੇ ਅਤੇ ਬਿੱਲੀ ਨੂੰ ਇਹ ਵਿਚਾਰ ਬਹੁਤ ਪਸੰਦ ਆਇਆ। ਇਸ ਲਈ ਚੂਹੇ ਨੇ ਇੱਕ ਸਮਝੌਤਾ ਲਿਖਿਆ ਅਤੇ ਸਾਰਿਆਂ ਨੇ ਆਪਣੇ ਨਾਮ ਉਸ ’ਤੇ ਲਿਖੇ। ਫਿਰ ਬਿੱਲੀ ਨੇ ਉਸ ਸਮਝੌਤੇ ਨੂੰ ਸੁਰੱਖਿਅਤ ਰੱਖਣ ਲਈ ਉੱਚੀ ਰੈਕ ’ਤੇ ਰੱਖ ਦਿੱਤਾ।

ਹੁਣ ਉਸ ਸਮਝੌਤੇ ਅਨੁਸਾਰ, ਕੁੱਤਾ ਘਰ ਤੋਂ ਬਾਹਰ ਕੰਮ ਕਰਦਾ ਸੀ ਅਤੇ ਬਿੱਲੀ ਅਤੇ ਚੂਹਾ ਘਰ ਦੇ ਅੰਦਰ। ਸਭ ਕੁਝ ਠੀਕ ਚੱਲ ਰਿਹਾ ਸੀ, ਜਦ ਤੱਕ ਕਿ...

ਇੱਕ ਰਾਤ ਕੁੱਤਾ ਅੰਦਰ ਆਇਆ ਅਤੇ ਸ਼ਿਕਾਇਤ ਕੀਤੀ, “ਮੈਂ ਹੀ ਬਾਹਰ ਕੰਮ ਕਿਉਂ ਕਰਦਾ ਹਾਂ? ਠੰਢ ਅਤੇ ਮੀਂਹ ਮੈਨੂੰ ਤੰਗ ਕਰ ਰਹੇ ਹਨ!”






ਉਸਨੇ ਗੁੱਸੇ ਨਾਲ ਬਿੱਲੀ ਵੱਲ ਵੇਖਿਆ। “ਤੂੰ ਅਤੇ ਚੂਹਾ ਹਮੇਸ਼ਾਂ ਗਰਮ ਅਤੇ ਸੁੱਕੇ ਰਹਿੰਦੇ ਹੋ। ਇਹ ਠੀਕ ਨਹੀਂ ਹੈ!”


“ਗੁੱਸਾ ਨਾ ਕਰ,” ਬਿੱਲੀ ਨੇ ਕਿਹਾ। “ਕੀ ਤੈਨੂੰ ਸਾਡਾ ਸਮਝੌਤਾ ਯਾਦ ਨਹੀਂ? ਸਾਡੇ ਹਰ ਇੱਕ ਦੇ ਕੰਮ ਉਸ ਵਿੱਚ ਲਿਖੇ ਹਨ।”

“ਮੈਨੂੰ ਦਿਖਾ!” ਕੁੱਤੇ ਨੇ ਕਿਹਾ। “ਇਸਨੂੰ ਇੱਥੇ ਲਿਆ।”

ਬਿੱਲੀ ਰੈਕ ’ਤੇ ਚੜ੍ਹ ਗਈ। ਪਰ... ਹਾਏ! ਕਾਗਜ਼ ਤਾਂ ਪੂਰਾ ਫੱਟਿਆ ਹੋਇਆ ਸੀ! ਚੂਹਾ ਉਸ ਸਮਝੌਤੇ ਨੂੰ ਆਪਣਾ ਬਿਸਤਰਾ ਬਣਾਕੇ ਵਰਤ ਰਿਹਾ ਸੀ! ਉਹ ਹੁਣ ਉਸ ’ਤੇ ਸੋ ਰਿਹਾ ਸੀ!

ਬਿੱਲੀ ਨੇ ਆਪਣੇ ਨਹੁੰਆਂ ਨਾਲ ਚੂਹੇ ਨੂੰ ਜਗਾਇਆ।





ਚੂਹਾ ਰੈਕ ਤੋਂ ਛਾਲ ਮਾਰ ਕੇ ਹੇਠਾਂ
ਆ ਗਿਆ ਅਤੇ ਦੌੜ ਗਿਆ।
"ਉਹ ਚੂਹਾ ਕਿੱਥੇ ਗਿਆ?" ਬਿੱਲੀ ਗੁਰਰਾਈ ਅਤੇ
ਉਸ ਦੇ ਪਿੱਛੇ ਦੌੜ ਪਈ।
"ਉਹ ਸਮਝੌਤਾ ਕਿੱਥੇ ਹੈ?" ਕੁੱਤਾ ਭੌਂਕਦਾ ਹੋਇਆ ਬਿੱਲੀ
ਦੇ ਪਿੱਛੇ ਦੌੜ ਪਿਆ।

ਉਸ ਦਿਨ ਤੋਂ, ਕੁੱਤੇ ਬਿੱਲੀਆਂ ਦਾ ਪਿੱਛਾ ਕਰਦੇ ਆ ਰਹੇ ਹਨ। "ਉਹ ਸਮਝੌਤਾ ਕਿੱਥੇ ਹੈ?" ਉਹ ਭੌਂਕਦੇ ਹਨ। ਅਤੇ ਬਿੱਲੀਆਂ ਕਦੇ ਵੀ ਸਮਝੌਤੇ ਦੇ ਫੱਟਣ ਨੂੰ ਨਹੀਂ ਭੁੱਲਦੀਆਂ। ਉਹ ਹਰ ਚੂਹੇ ਦੇ ਪਿੱਛੇ ਦੌੜਦੀਆਂ ਹਨ ਜੋ ਉਹਨਾਂ ਨੂੰ ਦਿਖਾਈ ਦੇਵੇ।

ਅਤੇ ਇਹ ਦੌੜ ਜਾਰੀ ਹੈ — ਕੀ ਇਹ ਕਦੇ ਖਤਮ ਹੋਵੇਗੀ?

ਇੱਕ ਰੋਮਾਨੀਆਈ ਲੋਕ ਕਥਾ

P. Saraswati V. Vijayakanthi
L. S. Saraswathi S. Rajalakshmi

Publisher Rajalakshmi Srinivasan Memorial Foundation
Punjabi Ramanpreet Kaur
Artist Uma Krishnaswamy


ਬਾਂਦਰਾਂ ਦਾ ਉਪਵਾਸ ਦਾ ਦਿਨ

ਇੱਕ ਸ਼ਾਂਤ ਸਵੇਰੇ, ਬਾਂਦਰਾਂ ਦਾ ਇੱਕ ਟੋਲਾ ਵੱਡੇ ਬਰਗਦ ਦੇ ਦਰੱਖਤ ਦੀ ਛਾਂ ਹੇਠ ਬੈਠਾ ਸੀ। ਉਹਨਾਂ ਨੂੰ ਇੰਨਾ ਚੁੱਪਚਾਪ ਇਕੱਠੇ ਬੈਠਿਆ ਦੇਖਣਾ ਬਹੁਤ ਅਜੀਬ ਸੀ।

ਆਹਾ! ਇਹ ਬਾਂਦਰਾਂ ਦਾ ਉਪਵਾਸ ਦਾ ਦਿਨ ਸੀ!

ਮੁੱਖ ਬਾਂਦਰ ਨੇ ਉਪਵਾਸ(ਵਰਤ) ਦੀ ਸ਼ੁਰੂਆਤ ਦਾ ਐਲਾਨ ਕੀਤਾ। ਫਿਰ ਉਸਨੇ ਕਿਹਾ, “ਕਿਰਪਾ ਕਰਕੇ ਸ਼ਾਮ ਦੇ ਭੋਜਨ ਲਈ ਸਭ ਕੁਝ ਤਿਆਰ ਕਰ ਲਵੋ।”

ਸਭ ਤੋਂ ਤਾਕਤਵਰ ਬਾਂਦਰ ਤੁਰੰਤ ਮਿੱਠੇ ਕੇਲਿਆਂ ਦੇ ਗੁੱਛੇ ਤੋੜਨ ਲਈ ਦੌੜ ਪਏ।




ਫਿਰ ਉਹ ਵਾਪਸ ਆਏ ਅਤੇ ਉਹ ਗੁੱਛੇ ਮੁੱਖ ਬਾਂਦਰ ਦੇ ਸਾਹਮਣੇ ਰੱਖ ਦਿੱਤੇ।

ਫਿਰ ਮੁੱਖ ਬਾਂਦਰ ਦੀ ਪਤਨੀ ਖੜੀ ਹੋਈ ਅਤੇ ਕਹਿਣ ਲੱਗੀ, "ਕੀ ਅਸੀਂ ਹੁਣ ਹੀ ਖਾਣਾ ਵੰਡ ਲਈਏ? ਅਸੀਂ ਨਹੀਂ ਚਾਹੁੰਦੇ ਕਿ ਉਪਵਾਸ ਖਤਮ ਹੋਣ 'ਤੇ ਸਮਾਂ ਖਰਚ ਹੋਵੇ। ਆਖਿਰਕਾਰ, ਅਸੀਂ ਉਸ ਵੇਲੇ ਬਹੁਤ ਭੁੱਖੇ ਹੋਵਾਂਗੇ।"

ਸਾਰੇ ਬਾਂਦਰ ਸਹਿਮਤ ਹੋ ਗਏ। ਇੱਕ-ਇੱਕ ਕਰਕੇ ਉਹ ਆਪਣਾ ਹਿੱਸਾ ਲੈਣ ਆਏ।

ਇੱਕ ਛੋਟੇ ਬਾਂਦਰ ਨੇ ਪੁੱਛਿਆ, "ਕੀ ਅਸੀਂ ਇੱਕ ਕੇਲਾ ਛਿਲ ਕੇ ਤਿਆਰ ਰੱਖ ਲਈਏ?"






ਕਿੰਨਾ ਵਧੀਆ ਵਿਚਾਰ ਸੀ! ਸਾਰੇ ਬਾਂਦਰਾਂ ਨੇ ਇੱਕ-ਇੱਕ ਕੇਲਾ ਛਿਲ ਲਿਆ ਤਾਂ ਜੋ ਸ਼ਾਮ ਲਈ ਤਿਆਰ ਰਹੇ।

ਫਿਰ ਇੱਕ ਛੋਟੇ ਬੱਚੇ ਨੇ ਆਪਣੇ ਪਿਤਾ ਨੂੰ ਹੌਲੇ ਨਾਲ ਕਿਹਾ, "ਕੀ ਮੈਂ ਇੱਕ ਕੇਲਾ ਆਪਣੇ ਮੂੰਹ ਵਿੱਚ ਰੱਖ ਲਵਾਂ? ਮੈਂ ਵਾਅਦਾ ਕਰਦਾ ਹਾਂ ਕਿ ਜਦ ਤੱਕ ਤੁਸੀਂ ਨਹੀਂ ਕਹੋਗੇ, ਮੈਂ ਇਸਨੂੰ ਨਹੀਂ ਕਟਾਂਗਾ।"

ਪਿਤਾ ਬਾਂਦਰ ਨੂੰ ਇਹ ਵਿਚਾਰ ਬਹੁਤ ਪਸੰਦ ਆਇਆ। ਉਸਨੇ ਕਿਹਾ, "ਅਸੀਂ ਸਾਰੇ ਆਪਣੇ ਛਿਲੇ ਹੋਏ ਕੇਲੇ ਮੂੰਹ ਵਿੱਚ ਕਿਉਂ ਨਾ ਰੱਖ ਲਈਏ? ਜਦ ਉਪਵਾਸ ਖਤਮ ਹੋਵੇਗਾ, ਉਹ ਤੁਰੰਤ ਨਿਗਲਣ ਲਈ ਤਿਆਰ ਹੋਣਗੇ!"

ਤੁਰੰਤ ਸਾਰੇ ਬਾਂਦਰਾਂ ਨੇ ਆਪਣੇ ਛਿਲੇ ਹੋਏ ਕੇਲੇ ਮੂੰਹ ਵਿੱਚ ਰੱਖ ਲਏ। ਪਰ ਜਲਦੀ ਹੀ ਉਹ ਬੇਚੈਨ ਮਹਿਸੂਸ ਕਰਨ ਲੱਗ ਪਏ। ਉਹ ਇਕ-ਦੂਜੇ ਵੱਲ ਤੱਕਣ ਲੱਗੇ।



ਅਤੇ ਫਿਰ ਕੀ ਹੋਇਆ, ਤੁਸੀਂ ਕੀ ਸੋਚਦੇ ਹੋ?
ਪਲਕ ਝਪਕਦੇ ਹੀ ਸਾਰੇ ਕੇਲੇ ਬਾਂਦਰਾਂ ਦੇ ਗਲੋਂ ਹੇਠਾਂ ਫਿਸਲ ਗਏ!
ਅਤੇ ਇਸ ਤਰ੍ਹਾਂ ਉਪਵਾਸ (ਵਰਤ)ਖੁਸ਼ੀ-ਖੁਸ਼ੀ ਖਤਮ ਹੋ ਗਿਆ।

ਇਹ ਕਰਨਾਟਕ ਦੀ ਇੱਕ ਲੋਕ ਕਹਾਣੀ ਹੈ।

© **Katha Jharna 2008**

P. Saraswati V. Vijayakanthi
L. S. Saraswathi S. Rajalakshmi

Publisher Rajalakshmi Srinivasan Memorial Foundation
Punjabi Ramanpreet Kaur
Artist S. P. Raju

24

"ਅਸੀਂ ਕੌਣ ਹਾਂ?"



ਉਹ ਖੜ੍ਹ ਕੇ ਖਾਂਦੀ ਹੈ
ਉਹ ਖੜ੍ਹ ਕੇ ਪੀਂਦੀ ਹੈ
ਉਹ ਖੜ੍ਹ ਕੇ ਸੌਂਦੀ ਹੈ
ਅਤੇ ਉਹ ਦੌੜ ਕੇ ਜਿੱਤਦੀ ਹੈ

ਇਹ ਦਰੱਖਤਾਂ ਵਿੱਚ ਛਾਲਾਂ ਮਾਰਦਾ ਹੈ, ਆਪਣੇ ਬੱਚੇ ਨੂੰ ਫੜ ਕੇ
ਇਹ ਟਾਹਣੀਆਂ 'ਤੇ ਝੂਲਦਾ ਹੈ ਅਤੇ ਸਾਨੂੰ ਮੁੱਖੜੇ ਬਣਾ ਕੇ ਦਿਖਾਉਂਦਾ ਹੈ!

ਇਹ ਪਾਣੀ ਵਿੱਚ ਖੁਸ਼ ਰਹਿੰਦਾ ਹੈ
ਧਰਤੀ 'ਤੇ ਇਹ ਸੰਘਰਸ਼ ਕਰਦਾ ਹੈ



ਉਹ ਵਫ਼ਾਦਾਰ ਹੈ
ਉਹ ਦੋਸਤਾਨਾ ਹੈ
ਉਹ ਘਰ ਦੀ ਰੱਖਿਆ ਕਰਦੀ ਹੈ
ਉਹ ਤੇਰੇ ਲਈ ਆਪਣੀ ਜਾਨ ਵੀ ਦੇ ਸਕਦੀ ਹੈ

ਮੈਂ ਬਹੁਤ ਹੌਲੀ ਤੁਰਦਾ ਹਾਂ – ਪਰ ਮੈਂ ਚੋਰ ਨਹੀਂ ਹਾਂ!
ਮੈਂ ਝਪਟਦਾ ਹਾਂ ਤੇ ਫੜ ਲੈਂਦਾ ਹਾਂ – ਪਰ ਮੈਂ ਪੁਲਿਸ ਨਹੀਂ ਹਾਂ!
ਮੈਂ ਬਹੁਤ ਸੌਂਦਾ ਹਾਂ – ਪਰ ਮੈਂ ਬੱਚਾ ਨਹੀਂ ਹਾਂ
ਮੈਂ ਸਾਰਾ ਦਿਨ ਘਰ ਰਹਿੰਦਾ ਹਾਂ – ਪਰ ਮੈਂ ਬੁੱਢੀ ਔਰਤ ਨਹੀਂ ਹਾਂ



ਜ਼ਮੀਨ 'ਤੇ ਉਹ ਸਾਵਧਾਨੀ ਨਾਲ ਤੁਰਦਾ ਹੈ
ਉੱਪਰ ਉਹ ਖੁੱਲ੍ਹੇ ਤੌਰ 'ਤੇ ਫਿਰਦਾ ਹੈ
ਉਸਦੀ ਲੰਮੀ, ਘਣੀ ਪੂਛ
ਉਸਨੂੰ ਦਰੱਖਤਾਂ ਵਿੱਚ ਉੱਡਣ ਵਿੱਚ ਮਦਦ ਕਰਦੀ ਹੈ

ਉਹ ਸਮਾਨ ਅਤੇ ਲੋਕਾਂ ਨੂੰ ਲਿਜਾਂਦੀ ਹੈ
ਬੇਅੰਤ ਲਹਿਰਾਂ 'ਤੇ
ਇੱਕ ਕੰਢੇ ਤੋਂ ਦੂਜੇ ਕੰਢੇ ਤੱਕ
ਬਿਨਾਂ ਮੋਟਰ ਜਾਂ ਪੱਤਣ ਦੇ

ਚਾਰ ਓਖਲਾਂ ਵੱਜਦੀਆਂ
ਦੋ ਸੁਪਣੀਆਂ ਹਿਲਦੀਆਂ
ਲੰਮੀ ਸੂੰਡ ਹਿਲਦੀ
ਛੋਟੀ ਰੱਸੀ ਲਟਕਦੀ
ਸ਼ਾਂਤ ਅਤੇ ਸਥਿਰ
ਇਹ ਜਲੂਸ ਦੀ ਅਗਵਾਈ ਕਰਦਾ ਹੈ

ਵੱਡਾ, ਤੇਜ਼ ਅਤੇ ਤਾਕਤਵਰ
ਸਾਰੇ ਸਰੀਰ 'ਤੇ ਲੰਮੇ ਕਾਲੇ ਵਾਲ
ਇਹ ਵਿਸ਼ਾਲ ਜੰਗਲ ਵਿੱਚ ਫ਼ਿਰਦਾ ਹੈ
ਸਿਰਫ਼ ਸਰਦੀ ਵਿੱਚ, ਇਹ ਸੌਂਦਾ ਹੈ

ਮੇਰੇ ਦੱਸ ਪੈਰ ਹਨ
ਪਰ ਮੈਂ ਅੱਠ ਨਾਲ ਤੁਰਦਾ ਹਾਂ
ਮੈਂ ਪਾਸੇ ਵੱਲ ਤੁਰਦਾ ਹਾਂ
ਕਿਉਂਕਿ ਮੈਂ ਸਿੱਧਾ ਨਹੀਂ ਤੁਰ ਸਕਦਾ

ਉਸਦੇ ਚਾਰ ਮਜ਼ਬੂਤ ਪੈਰ ਅਤੇ ਚਿਰੇ ਹੋਏ ਖੁਰ ਹਨ
ਉਹ ਢਲਾਣ ਵਾਲੇ ਪਹਾੜ ਅਤੇ ਫੈਲੇ ਦਰੱਖਤਾਂ 'ਤੇ ਚੜ੍ਹਦੀ ਹੈ
ਨਰਮ ਘਾਹ ਅਤੇ ਪੱਤਿਆਂ ਦੀ ਖੋਜ ਵਿੱਚ
ਮੈਂ ਹੌਲੀ ਹਾਂ ਪਰ ਸਥਿਰ ਹਾਂ

ਮੇਰੇ ਕੋਲ ਮੈਨੂੰ ਬਚਾਉਣ ਲਈ ਮਜ਼ਬੂਤ ਖੋਲ ਹੈ
ਜੇ ਮੈਨੂੰ ਖਤਰਾ ਮਹਿਸੂਸ ਹੋਵੇ
ਮੈਂ ਆਪਣਾ ਸਿਰ ਆਪਣੇ ਖੋਲ ਵਿੱਚ ਖਿੱਚ ਲੈਂਦਾ ਹਾਂ

ਉਹ ਕੰਧਾਂ ਅਤੇ ਛੱਤ 'ਤੇ ਤੁਰਦਾ ਹੈ
ਉਹ ਕੀੜਿਆਂ ਨੂੰ ਇਕ ਝਟਕੇ ਨਾਲ ਫੜ ਲੈਂਦਾ ਹੈ
ਉਹ ਆਪਣੀ ਜਾਨ ਬਚਾਉਣ ਲਈ ਆਪਣੀ ਪੂੱਛ
ਛੱਡ ਦਿੰਦਾ ਹੈ –
ਅਤੇ ਜਲਦੀ ਹੀ ਇਸਨੂੰ ਮੁੜ ਵਧਾ ਲੈਂਦਾ ਹੈ

ਜਦੋਂ ਮੈਂ ਪੈਦਾ ਹੋਇਆ, ਮੇਰੀ ਪੂਛ ਸੀ
ਜਦੋਂ ਮੇਰੇ ਪੈਰ ਆਏ, ਮੇਰੀ ਪੂਛ ਗਾਇਬ ਹੋ ਗਈ
ਮੈਂ ਧਰਤੀ 'ਤੇ ਰਹਿੰਦਾ ਹਾਂ, ਪਰ ਮੈਨੂੰ ਪਾਣੀ
ਪਿਆਰਾ ਹੈ –


ਲੰਮੇ ਪੈਰ ਮਜ਼ਬੂਤੀ ਨਾਲ ਧਰਤੀ 'ਤੇ ਟਿਕੇ ਹਨ
ਲੰਮੀ ਗਰਦਨ ਉੱਪਰ ਵੱਲ ਤਣੀ ਹੋਈ ਹੈ

ਉਹ ਨਵੇਂ ਕੋਮਲ ਪੱਤੇ ਚੱਖਦੀ ਹੈ ਜੋ ਉਸਨੇ ਲੱਭੇ ਹਨ
ਹਰ ਕੋਈ ਡਰਦਾ ਹੈ
ਇਸ ਪੀਲੀ ਦਾੜ੍ਹੀ ਵਾਲੇ ਤੋਂ
ਜੇ ਇਹ ਗਰਜਦਾ ਹੋਇਆ ਆਵੇ



ਸਾਰੇ ਕੰਬਦੇ ਹੋਏ ਭੱਜ ਜਾਂਦੇ ਹਨ
ਅਸੀਂ ਹਨੇਰੇ ਵਿੱਚ ਨਿਡਰ ਹੋ ਕੇ ਉੱਡਦੇ ਹਾਂ
ਅਸੀਂ ਉਲਟੇ ਲਟਕ ਕੇ ਸੌਂਦੇ ਹਾਂ
ਅਸੀਂ ਆਪਣੇ ਬੱਚਿਆਂ ਨੂੰ ਦੁੱਧ ਪਿਲਾਂਦੇ ਹਾਂ
ਅਤੇ ਸਾਨੂੰ ਫਲ ਖਾਣਾ ਬਹੁਤ ਪਸੰਦ ਹੈ

ਸ਼ੇਰ, ਹਾਥੀ, ਕੁੱਤਾ, ਗਿਲਹਿਰੀ, ਖੋਤਾ, ਘੋੜਾ, ਬੱਕਰੀ,
ਬੰਦਰ, ਜਿਰਾਫ਼, ਊਂਠ, ਬਿੱਲੀ, ਕੇਕੜਾ, ਮੇਂਡਕ,
ਛਿਪਕਲੀ, ਮੱਛੀ, ਚਮਗਾਦੜਾਂ, ਭਾਲੂ , ਕੱਛੂਆ



Publisher Rajalakshmi Srinivasan Memorial Foundation

P. Saraswati V. Vijayakanthi
L. S. Saraswathi S. Rajalakshmi

Punjabi Ramanpreet Kaur

Artist Uma Krishnaswamy

ਅਦਭੁੱਤ ਖੋਤਾ

ਨਸਰੁੱਦੀਨ ਕੋਲ ਇੱਕ ਖੋਤਾ ਸੀ। ਉਹ ਬਹੁਤ ਚਿੜਚਿੜਾ ਜਾਨਵਰ ਸੀ ਅਤੇ ਕੰਮ ਕਰਨਾ ਉਸਨੂੰ ਬਿਲਕੁਲ ਪਸੰਦ ਨਹੀਂ ਸੀ। ਉਹ ਹਮੇਸ਼ਾਂ ਭੁੱਖਾ ਰਹਿੰਦਾ ਸੀ!

ਨਸਰੁੱਦੀਨ ਨੂੰ ਉਹ ਖੋਤਾ ਬਿਲਕੁਲ ਪਸੰਦ ਨਹੀਂ ਸੀ। "ਕਿੰਨਾ ਵਧੀਆ ਹੋਵੇ ਜੇ ਮੈਂ ਇਸਨੂੰ ਵੇਚ ਸਕਾਂ," ਉਸਨੇ ਸੋਚਿਆ।

ਇੱਕ ਦਿਨ ਉਹ ਖੋਤੇ ਨੂੰ ਬਜ਼ਾਰ ਲੈ ਗਿਆ। ਜਦੋਂ ਉਹ ਘਰ ਵਾਪਸ ਆਇਆ ਤਾਂ ਉਹ ਜ਼ੋਰ ਨਾਲ ਹੱਸ ਰਿਹਾ ਸੀ।



"ਕੀ ਤੈਨੂੰ ਪਤਾ ਹੈ ਮੈਂ ਅੱਜ ਕੀ ਕੀਤਾ?" ਉਸਨੇ ਆਪਣੀ ਪਤਨੀ ਨੂੰ ਪੁੱਛਿਆ। "ਮੈਂ ਸਾਡੇ ਖੋਤੇ ਨੂੰ ਬਜ਼ਾਰ ਲੈ ਗਿਆ ਅਤੇ ਨਿਲਾਮੀ ਕਰਨ ਵਾਲੇ ਨੂੰ ਵੇਚਣ ਲਈ ਦੇ ਦਿੱਤਾ।"

"ਸਾਡਾ ਆਲਸੀ ਤੇ ਬੇਕਾਰ ਖੋਤਾ?" ਉਸਦੀ ਪਤਨੀ ਨੇ ਪੁੱਛਿਆ।

"ਹਾਂ, ਬਿਲਕੁਲ!" ਨਸਰੁੱਦੀਨ ਨੇ ਕਿਹਾ। "ਅਤੇ ਉਸਨੇ ਇਸਨੂੰ ਚੰਗੀ ਕੀਮਤ 'ਤੇ ਵੇਚ ਦਿੱਤਾ! ਮੈਂ ਤੈਨੂੰ ਪੂਰੀ ਕਹਾਣੀ ਦੱਸਦਾ ਹਾਂ," ਉਸਨੇ ਕਿਹਾ।

"ਬਜ਼ਾਰ ਭਰਿਆ ਹੋਇਆ ਸੀ। ਬਹੁਤ ਸਾਰੇ ਲੋਕ ਖਰੀਦਣ ਲਈ ਆਏ ਸਨ।

ਨਿਲਾਮੀ ਕਰਨ ਵਾਲੇ ਨੇ ਉਹਨਾਂ ਦਾ ਧਿਆਨ ਖਿੱਚਣ ਲਈ ਆਵਾਜ਼ ਮਾਰੀ। ਫਿਰ ਉਸਦੇ ਸਹਾਇਕ ਨੇ ਖੋਤੇ ਨੂੰ ਦਿਖਾਇਆ। 'ਸੱਜਣੋ!' ਨਿਲਾਮੀ ਕਰਨ ਵਾਲੇ ਨੇ ਕਿਹਾ, 'ਇਸ ਅਦਭੁੱਤ ਜਾਨਵਰ ਨੂੰ ਦੇਖੋ...।'"



“ਅਦਭੁੱਤ ਜਾਨਵਰ! ਕੀ ਹਰ ਕੋਈ ਨਹੀਂ ਵੇਖ ਸਕਦਾ ਸੀ ਕਿ ਇਹ ਚਿੜਚਿੜਾ ਹੈ?” ਨਸਰੁੱਦੀਨ ਦੀ ਪਤਨੀ ਨੇ ਪੁੱਛਿਆ।

“ਬਿਲਕੁੱਲ ਨਹੀਂ! ਨਿਲਾਮੀ ਕਰਨ ਵਾਲਾ ਬਹੁਤ ਚਤੁਰ ਸੀ! ਉਸਨੇ ਪਹਿਲਾਂ ਇਸਨੂੰ ਗਾਜਰਾਂ ਖਵਾਈਆਂ। ਫਿਰ ਉਸਨੇ ਸਾਡੇ ਖੋਤੇ ਦੀ ਬੜੀ ਤਾਰੀਫ਼ ਕਰਨੀ ਸ਼ੁਰੂ ਕਰ ਦਿੱਤੀ। ‘ਇਸਦੇ ਲੰਮੇ ਕੰਨ ਵੇਖੋ। ਅਤੇ ਇਸਦੇ ਮਜ਼ਬੂਤ ਪੈਰ!’ ਉਸਨੇ ਕਿਹਾ। ‘ਇਸਦੇ ਮਜ਼ਬੂਤ ਦੰਦ ਵੇਖੋ!’ ਉਸਨੇ ਕਿਹਾ। ਫਿਰ ਉਸਨੇ ਸੁੰਦਰ ਤਰੀਕੇ ਨਾਲ ਕਿਹਾ, ‘ਇਹ ਖੋਤਾ ਨੌਜਵਾਨ ਅਤੇ ਤਾਕਤਵਰ ਹੈ। ਇਹ ਆਪਣੇ ਨਵੇਂ ਮਾਲਕ ਲਈ ਬਹੁਤ ਮਿਹਨਤ ਕਰੇਗਾ।’ ਇਸ ਵੇਲੇ ਤਾਂ ਇਹ ਮੈਨੂੰ ਵੀ ਵਧੀਆ ਲੱਗਣ ਲੱਗ ਪਿਆ!”

“ਇਹ ਤਾਂ ਹੈਰਾਨੀ ਦੀ ਗੱਲ ਹੈ,” ਉਸਦੀ ਪਤਨੀ ਨੇ ਕਿਹਾ।



“ਜਦੋਂ ਬੋਲੀ ਲੱਗਣੀ ਸ਼ੁਰੂ ਹੋਈ,” ਨਸਰੁੱਦੀਨ ਨੇ ਕਿਹਾ, “ਲੋਕਾਂ ਨੇ ਪਹਿਲਾਂ ਛੋਟੀ ਰਕਮ ਦੀ ਪੇਸ਼ਕਸ਼ ਕੀਤੀ। ਪਹਿਲੀ ਬੋਲੀ ਸਿਰਫ਼ ਤਿੰਨ ਸੋਨੇ ਦੇ ਸਿੱਕਿਆਂ ਦੀ ਸੀ। ਪਰ ਨਿਲਾਮੀ ਕਰਨ ਵਾਲੇ ਨੇ ਹੋਰ ਬੋਲੀਆਂ ਮੰਗੀਆਂ ਅਤੇ ਜਲਦੀ ਹੀ ਕਿਸੇ ਨੇ ਦਸ ਸੋਨੇ ਦੇ ਸਿੱਕੇ ਲਗਾਏ! ਫਿਰ ਕਿਸੇ ਹੋਰ ਨੇ ਪੰਦਰਾਂ ਸੋਨੇ ਦੇ ਸਿੱਕੇ ਲਗਾਏ। ਅਤੇ ਕੀਮਤ ਵਧਦੀ ਹੀ ਗਈ...”

ਨਸਰੁੱਦੀਨ ਦੀ ਕਹਾਣੀ ਨੂੰ ਖੋਤੇ ਦੀ ਆਵਾਜ਼ ਨੇ ਰੋਕ ਦਿੱਤਾ। ਹੀਹਾਂ!ਆਵਾਜ਼ ਬਹੁਤ ਨੇੜੇ ਤੋਂ ਆ ਰਹੀ ਸੀ!

ਉਸਦੀ ਪਤਨੀ ਹੈਰਾਨ ਰਹਿ ਗਈ। “ਅੰਤ ਵਿੱਚ ਕੀ ਹੋਇਆ?” ਉਸਨੇ ਪੁੱਛਿਆ। “ਜਲਦੀ ਦੱਸੋ!”

ਗਰਵ ਨਾਲ ਨਸਰੁੱਦੀਨ ਨੇ ਕਿਹਾ, “ਮੈਂ ਸੋਚਿਆ, ‘ਇੰਨੇ ਅਦਭੁੱਤ ਜਾਨਵਰ ਨੂੰ ਮੈਂ ਕਿਉਂ ਵੇਚਾਂ?’ ਅਤੇ ਮੈਂ ਇਸਨੂੰ ਆਪਣੇ ਲਈ ਤੀਹ ਸੋਨੇ ਦੇ ਸਿੱਕਿਆਂ ਵਿੱਚ ਖਰੀਦ ਲਿਆ!”



Publisher Rajalakshmi Srinivasan Memorial Foundation

P. Saraswati V. Vijayakanthi

Punjabi Ramanpreet Kaur

L. S. Saraswathi S. Rajalakshmi

Artist S. P. Raju


ਕਿੱਕਰ ਦੇ ਦਰੱਖਤ ਦੀਆਂ ਤਿੰਨ ਖ਼ਾਹਿਸ਼ਾਂ

ਇੱਕ ਗਰਮ ਅਤੇ ਸੁੱਕੇ ਮੈਦਾਨ ਵਿੱਚ ਇੱਕ ਲੰਮੀ ਸਿੱਧੀ ਸੜਕ ਸੀ। ਉਸਦੇ ਕਿਨਾਰੇ ਕੁਝ ਮਜ਼ਬੂਤ ਦਰੱਖਤ ਉੱਗ ਰਹੇ ਸਨ। ਉਨ੍ਹਾਂ ਵਿੱਚੋਂ ਇੱਕ ਕੰਡਿਆਂ ਵਾਲਾ ਕਿੱਕਰ ਦਾ ਦਰੱਖਤ ਸੀ।

"ਕੋਈ ਮੈਨੂੰ ਪਿਆਰ ਨਹੀਂ ਕਰਦਾ," ਕਿੱਕਰ ਦਾ ਦਰੱਖਤ ਅਕਸਰ ਆਪਣੇ ਆਪ ਨੂੰ ਕਹਿੰਦਾ ਸੀ। "ਪਰ ਜਿਨ੍ਹਾਂ ਦਰੱਖਤਾਂ 'ਤੇ ਕੰਡੇ ਨਹੀਂ ਹੁੰਦੇ – ਸਭ ਉਹਨਾਂ ਨੂੰ ਪਸੰਦ ਕਰਦੇ ਹਨ! ਉਹ ਕਿੰਨੇ ਸੋਹਣੇ ਹੁੰਦੇ ਹਨ!"

ਕਿੱਕਰ ਦਾ ਦਰੱਖਤ ਦਿਲੋਂ ਚਾਹੁੰਦਾ ਸੀ ਕਿ ਉਹ ਬਿਨਾਂ ਕੰਡੇ ਵਾਲਾ ਹੋ ਜਾਵੇ। "ਮੈਨੂੰ ਬਦਲ ਦਿਓ!" ਉਸਨੇ ਸੋਚਿਆ। ਅਚਾਨਕ ਉਸਦੇ ਕੰਡੇ ਗਾਇਬ ਹੋ ਗਏ। ਉਸ ਦੀਆਂ ਟਾਹਣੀਆਂ 'ਤੇ ਨਰਮ, ਹਰੇ ਪੱਤੇ ਲਟਕਣ ਲੱਗ ਪਏ। ਕਿੰਨੀ ਖੁਸ਼ੀ ਹੋਈ!






ਥੋੜ੍ਹੀ ਦੇਰ ਬਾਅਦ ਇੱਕ ਬੱਕਰੀ ਸੜਕ ’ਤੇ ਆਈ। ਉਸਨੇ ਨਰਮ ਤੇ ਰਸਦਾਰ ਪੱਤੇ ਵੇਖੇ। ਉਹ ਰੁਕ ਗਈ ਅਤੇ ਉਹਨਾਂ ਨੂੰ ਖਾਣ ਲੱਗ ਪਈ। “ਹਾਏ ਨਹੀਂ!” ਦਰੱਖਤ ਨੇ ਆਹ ਭਰੀ। “ਇਹ ਬੱਕਰੀ ਮੇਰੇ ਸੋਹਣੇ ਨਵੇਂ ਪੱਤੇ ਸਾਰੇ ਖਾ ਜਾਏਗੀ! ਕਾਸ਼ ਇਹ ਸੋਨੇ ਦੇ ਬਣ ਜਾਣ!”

ਅਗਲੇ ਹੀ ਪਲ ਉਹ ਪੱਤੇ ਸੋਨੇ ਦੇ ਬਣ ਗਏ!

ਹੁਣ ਇੱਕ ਆਦਮੀ ਸੜਕ ’ਤੇ ਆਇਆ। ਉਸਨੇ ਚਮਕਦਾਰ ਸੋਨੇ ਦੇ ਪੱਤੇ ਵੇਖ ਕੇ ਹੈਰਾਨੀ ਨਾਲ ਤੱਕਿਆ।



“ਇਹ ਤਾਂ ਕਰਾਮਾਤ ਹੈ!” ਉਸਨੇ ਕਿਹਾ।


“ਅਤੇ ਮੇਰੇ ਲਈ ਕਿੰਨੀ ਕਿਸਮਤ ਵਾਲੀ ਗੱਲ!”

ਉਹ ਆਦਮੀ ਸੋਨੇ ਦੇ ਪੱਤੇ ਤੋੜਨ ਲੱਗ ਪਿਆ।


ਉਹ ਤੋੜਦਾ ਹੀ ਗਿਆ ਜਦ ਤੱਕ ਵਿਚਾਰਾ ਦਰੱਖਤ ਪੂਰੀ ਤਰ੍ਹਾਂ ਖਾਲੀ ਨਾ ਹੋ ਗਿਆ!

“ਜਦੋਂ ਲੋਕ ਸੋਨਾ ਵੇਖਦੇ ਹਨ, ਕੀ ਉਹ ਕਦੇ ਇਸਨੂੰ ਛੱਡ ਸਕਦੇ ਹਨ?” ਦਰੱਖਤ ਨੇ ਆਹ ਭਰੀ। “ਕਾਸ਼ ਮੇਰੇ ਪੱਤੇ ਕੱਚ ਦੇ ਹੋ ਜਾਣ!”

ਤੁਰੰਤ ਹੀ ਉਸ ਦੀਆਂ ਟਾਹਣੀਆਂ ’ਤੇ ਚਮਕਦੇ ਕੱਚ ਦੇ ਪੱਤੇ ਲੱਗ ਗਏ।



ਅਖੀਰਕਾਰ ਦਰੱਖਤ ਨੇ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕੀਤਾ। ਪਰ ਅਚਾਨਕ ਤੇਜ਼ ਹਵਾ ਚੱਲਣ ਲੱਗ ਪਈ। ਹਾਏ ਨਹੀਂ! ਹਵਾ ਨੇ ਕੱਚ ਦੇ ਪੱਤਿਆਂ ਨੂੰ ਆਪਸ ਵਿੱਚ ਟਕਰਾਇਆ ਅਤੇ ਉਹ ਸਾਰੇ ਟੁੱਟ ਕੇ ਛੋਟੇ-ਛੋਟੇ ਟੁਕੜਿਆਂ ਵਿੱਚ ਵੰਡ ਗਏ!



ਦਰੱਖਤ ਰੋਣ ਲੱਗ ਪਿਆ, “ਕੀ ਮੈਂ ਕਦੇ ਸ਼ਾਂਤੀ ਨਾਲ ਨਹੀਂ ਰਹਿ ਸਕਾਂਗਾ?” ਫਿਰ ਉਸਨੇ ਸੋਚਿਆ, “ਮੈਂ ਇੱਕ ਅਜਿਹਾ ਦਰੱਖਤ ਬਣਨਾ ਚਾਹੁੰਦਾ ਹਾਂ...

...ਜਿਸਦੇ ਪੱਤੇ ਬੱਕਰੀ ਨਾ ਖਾ ਸਕੇ...

...ਜਿਸਦੇ ਪੱਤੇ ਮਨੁੱਖ ਨਾ ਤੋੜ ਸਕਣ...

...ਜਿਸਦੇ ਪੱਤੇ ਹਵਾ ਨਾ ਤੋੜ ਸਕੇ!”

ਤੁਰੰਤ ਹੀ ਉਸ ’ਤੇ ਮੁੜ ਕੰਡੇ ਉੱਗ ਆਏ। ਉਹ ਫਿਰ ਕਿੱਕਰ ਦਾ ਦਰੱਖਤ ਬਣ ਗਿਆ! ਅਤੇ ਉਹ ਖੁਸ਼ੀ-ਖੁਸ਼ੀ ਕਿੱਕਰ ਦਾ ਦਰੱਖਤ ਹੀ ਬਣਿਆ ਰਿਹਾ। ਉਸਨੇ ਕਦੇ ਵੀ ਆਪਣੇ ਕੰਡਿਆਂ ਲਈ ਅਫਸੋਸ ਨਹੀਂ ਕੀਤਾ।



P. Saraswati V. Vijayakanthi
L. S. Saraswathi S. Rajalakshmi

Publisher Rajalakshmi Srinivasan Memorial Foundation
Punjabi Ramanpreet Kaur
Artist S. P. Raju

ਸ਼ੇਰ ਰਾਜਾ ਅਤੇ ਖਰਗੋਸ਼

ਇੱਕ ਚਮਕਦਾਰ ਅਤੇ ਠੰਢੀ ਸਰਦੀ ਦੀ ਸਵੇਰ ਸੀ। ਸ਼ੇਰ ਰਾਜਾ ਕਠੋਰਤਾ ਨਾਲ ਉੱਠਿਆ। "ਮੈਂ ਹੁਣ ਸ਼ਿਕਾਰ ਕਰਨ ਲਈ ਬਹੁਤ ਬੁੱਢਾ ਹੋ ਰਿਹਾ ਹਾਂ," ਉਸਨੇ ਦੁੱਖ ਨਾਲ ਸੋਚਿਆ।

ਪਰ ਜਲਦੀ ਹੀ ਉਸਦਾ ਮੂਡ ਬਦਲ ਗਿਆ। ਕੀ ਉਹ ਜੰਗਲ ਦਾ ਰਾਜਾ ਨਹੀਂ ਸੀ? ਉਸਨੇ ਇੱਕ ਯੋਜਨਾ ਬਣਾਈ ਅਤੇ ਆਪਣੀ ਗੁਫ਼ਾ ਦੇ ਬਾਹਰ ਬੈਠ ਕੇ ਉਡੀਕ ਕਰਨ ਲੱਗ ਪਿਆ।

ਉਸ ਦਿਨ ਜੰਗਲ ਦੇ ਸਾਰੇ ਜਾਨਵਰਾਂ ਨੂੰ ਆਪਣੇ ਰਾਜੇ ਨਾਲ ਮੀਟਿੰਗ ਲਈ ਬੁਲਾਇਆ ਗਿਆ। ਡਰਦੇ ਹੋਏ ਉਹ ਗੁਫ਼ਾ ਵੱਲ ਵਧੇ।

ਸ਼ੇਰ ਨੇ ਕਿਹਾ: "ਮੇਰੇ ਪਿਆਰੇ ਮਿੱਤਰੋ! ਤੁਸੀਂ ਸਾਰੇ ਮੈਨੂੰ ਦੇਖ ਕੇ ਭੱਜ ਜਾਂਦੇ ਹੋ। ਫਿਰ ਵੀ, ਮੇਰੇ ਰੋਜ਼ਾਨਾ ਦੇ ਸ਼ਿਕਾਰ ਵਿੱਚ ਮੈਂ ਸਿਰਫ਼ ਇੱਕ ਜਾਨਵਰ ਫੜਦਾ ਹਾਂ। ਹੁਣ ਸੋਚੋ! ਤੁਸੀਂ ਸਾਰੇ ਮਿਹਨਤੀ ਹੋ। ਮੇਰੇ ਸ਼ਿਕਾਰ ਕਰਨ ਨਾਲ ਤੁਹਾਡੀ ਰੁਜ਼ਾਨਾ ਜ਼ਿੰਦਗੀ ਕਿਉਂ ਰੁਕਾਵਟ ਵਿੱਚ ਪਏ?"



"ਮੇਰੀ ਯੋਜਨਾ ਸੁਣੋ। ਅੱਜ ਤੋਂ, ਮੈਂ ਸ਼ਿਕਾਰ ਕਰਨ ਲਈ ਬਾਹਰ ਨਹੀਂ ਜਾਵਾਂਗਾ, ਮੈਂ ਆਪਣੀ ਗੁਫ਼ਾ ਵਿੱਚ ਹੀ ਉਡੀਕ ਕਰਾਂਗਾ। ਤੁਹਾਡੇ ਵਿੱਚੋਂ ਸਿਰਫ਼ ਇੱਕ ਜਾਨਵਰ ਮੇਰੇ ਕੋਲ ਆਵੇ ਜੋ ਮੈਂ ਖਾ ਸਕਾਂ। ਤੁਸੀਂ ਸਾਰੇ ਮਿਲ ਕੇ ਫੈਸਲਾ ਕਰ ਸਕਦੇ ਹੋ ਕਿ ਕੌਣ ਮੇਰਾ ਸ਼ਿਕਾਰ ਬਣੇਗਾ।

ਆਪਣੀ ਮਰਜ਼ੀ ਨਾਲ, ਤੁਸੀਂ ਸਾਰੇ ਜੰਗਲ ਵਿੱਚ ਸ਼ਾਂਤੀ ਲਿਆ ਸਕਦੇ ਹੋ।"

ਵਾਹ! ਕਿੰਨੀ ਵਧੀਆ ਯੋਜਨਾ ਸੀ! ਜਾਨਵਰ ਹੈਰਾਨ ਵੀ ਹੋਏ ਅਤੇ ਖੁਸ਼ ਵੀ। ਸਿਰਫ਼ ਇੱਕ ਛੋਟੇ ਖਰਗੋਸ਼ ਨੂੰ ਸ਼ੱਕ ਸੀ। "ਜਦੋਂ ਸਾਡਾ ਰਾਜਾ ਸ਼ਿਕਾਰ ਕਰਨ ਜਾਂਦਾ ਹੈ, ਸਾਨੂੰ ਭੱਜਣ ਦਾ ਮੌਕਾ ਮਿਲਦਾ ਹੈ। ਪਰ ਇਸ ਨਵੀਂ ਯੋਜਨਾ ਵਿੱਚ, ਜਿਸਨੂੰ ਚੁਣਿਆ ਜਾਵੇਗਾ, ਉਸ ਲਈ ਕੋਈ ਬਚਾਅ ਨਹੀਂ! ਹਾਏ, ਵਿਚਰਾ!"

ਫਿਰ ਵੀ, ਇਹ ਯੋਜਨਾ ਸ਼ੇਰ ਲਈ ਬਹੁਤ ਵਧੀਆ ਚੱਲੀ। ਹਰ ਰੋਜ਼ ਇੱਕ ਜਾਨਵਰ ਉਸਦੇ ਕੋਲ ਭੇਜਿਆ ਜਾਂਦਾ ਸੀ, ਜਦਕਿ ਬਾਕੀ ਜਾਨਵਰ ਬਿਨਾਂ ਡਰ ਦੇ ਆਪਣੀ ਜ਼ਿੰਦਗੀ ਜੀਉਂਦੇ ਰਹੇ।

ਕੁਝ ਸਮੇਂ ਬਾਅਦ, ਛੋਟੇ ਖਰਗੋਸ਼ ਦੀ ਵਾਰੀ ਆ ਗਈ।

"ਕੀ ਮੈਂ ਰਾਜੇ ਕੋਲ ਜਾ ਕੇ ਖਾਇਆ ਜਾਵਾਂ?" ਉਸਨੇ ਸੋਚਿਆ। "ਨਹੀਂ! ਦਰਅਸਲ, ਮੈਂ ਇਸ ਸਾਰੀ ਵਿਵਸਥਾ ਨੂੰ ਖਤਮ ਕਰਾਂਗਾ!"

ਖਰਗੋਸ਼ ਹੌਲੇ-ਹੌਲੇ ਰਾਜੇ ਦੀ ਗੁਫ਼ਾ ਵੱਲ ਗਿਆ। ਉਹ ਬਾਹਰ ਖੜ੍ਹਾ ਹੋ ਕੇ ਉਡੀਕ ਕਰਨ ਲੱਗ ਪਿਆ। ਜਲਦੀ ਹੀ ਸ਼ੇਰ ਬਾਹਰ ਆਇਆ। ਖਰਗੋਸ਼ ਨੂੰ ਦੇਖ ਕੇ ਉਹ ਗਰਜਿਆ, "ਤੂੰ ਇੰਨਾ ਦੇਰ ਨਾਲ ਕਿਉਂ ਆਇਆ?"



“ਹੇ ਰਾਜਾ!” ਛੋਟੇ ਖਰਗੋਸ਼ ਨੇ ਹਲੀਮੀ ਨਾਲ ਕਿਹਾ।

“ਕਿਰਪਾ ਕਰਕੇ ਮੈਨੂੰ ਮੁਆਫ਼ ਕਰੋ। ਮੈਂ ਤੁਹਾਡੇ ਭੋਜਨ ਲਈ ਸਮੇਂ ’ਤੇ ਪਹੁੰਚਣ ਦੀ ਕੋਸ਼ਿਸ਼ ਕੀਤੀ ਸੀ, ਪਰ ਮੇਰੀ ਮਰਜ਼ੀ ਦੇ ਖਿਲਾਫ਼ ਮੈਨੂੰ ਰੋਕ ਲਿਆ ਗਿਆ।”

“ਮੈਨੂੰ ਦੱਸ ਕੀ ਹੋਇਆ!” ਸ਼ੇਰ ਨੇ ਕਿਹਾ।

“ਜਦੋਂ ਮੈਂ ਆ ਰਿਹਾ ਸੀ,” ਖਰਗੋਸ਼ ਨੇ ਕਿਹਾ, “ਇੱਕ ਅਜੀਬ ਸ਼ੇਰ ਨੇ ਮੈਨੂੰ ਰੋਕ ਲਿਆ।

‘ਮੈਂ ਤੈਨੂੰ ਖਾ ਜਾਵਾਂਗਾ!’ ਉਸਨੇ ਕਿਹਾ।

‘ਤੂੰ ਮੈਨੂੰ ਨਹੀਂ ਖਾ ਸਕਦਾ!’ ਮੈਂ ਉਸਨੂੰ ਕਿਹਾ।

‘ਮੈਂ ਜੰਗਲ ਦੇ ਰਾਜੇ ਨੂੰ ਮਿਲਣ ਜਾ ਰਿਹਾ ਹਾਂ।’

‘ਜੰਗਲ ਦਾ ਰਾਜਾ?’ ਉਸ ਅਜੀਬ ਸ਼ੇਰ ਨੇ ਗਰਜ ਕੇ ਕਿਹਾ।



‘ਉਹ ਕੌਣ ਹੈ? ਮੈਂ ਉਸਨੂੰ ਚੀਰ ਕੇ ਰੱਖ ਦਿਆਂਗਾ! ਮੈਨੂੰ ਉਹ ਰਾਜਾ ਦਿਖਾ!’ ਪਰ ਕਿਸੇ ਤਰ੍ਹਾਂ ਮੈਂ ਬਚ ਕੇ ਤੁਹਾਡੇ ਕੋਲ ਆ ਗਿਆ ਹਾਂ, ਮਹਾਰਾਜ!”

ਸ਼ੇਰ ਗੁੱਸੇ ਨਾਲ ਭੜਕ ਉਠਿਆ। “ਕਿੱਥੇ ਹੈ ਉਹ ਬੁਰਾ ਸ਼ੇਰ? ਮੈਨੂੰ ਤੁਰੰਤ ਉਸਦੇ ਕੋਲ ਲੈ ਚੱਲ!” ਉਹ ਗਰਜਿਆ। ਖਰਗੋਸ਼ ਉਸਨੂੰ ਜੰਗਲ ਦੇ ਕਿਨਾਰੇ ਲੈ ਗਿਆ।



ਅਚਾਨਕ ਉਹਨਾਂ ਦੇ ਸਾਹਮਣੇ ਇੱਕ ਖੁੱਲ੍ਹੀ ਜਗ੍ਹਾ ਆ ਗਈ। ਉਸਦੇ ਵਿਚਕਾਰ ਇੱਕ ਵੱਡਾ ਖੂਹ ਸੀ। “ਕਿਰਪਾ ਕਰਕੇ ਇੱਥੇ ਉਡੀਕ ਕਰੋ, ਮਹਾਰਾਜ!” ਖਰਗੋਸ਼ ਨੇ ਕਿਹਾ। “ਮੈਂ ਉਸ ਅਜੀਬ ਸ਼ੇਰ ਨੂੰ ਲੱਭਦਾ ਹਾਂ।”

ਖਰਗੋਸ਼ ਖੂਹ ਕੋਲ ਗਿਆ। ਉਸਨੇ ਅੰਦਰ ਦੇਖਣ ਲਈ ਝੁਕਿਆ। ਉਸਨੂੰ ਆਪਣਾ ਹੀ ਚਿਹਰਾ ਨਜ਼ਰ ਆਇਆ, ਨੀਲੇ ਅਸਮਾਨ ਨਾਲ ਘਿਰਿਆ ਹੋਇਆ।


“ਇਹ ਰਿਹਾ! ਅਜੀਬ ਸ਼ੇਰ ਇੱਥੇ ਹੈ!” ਖਰਗੋਸ਼ ਨੇ ਆਵਾਜ਼ ਮਾਰੀ। ਫਿਰ ਉਹ ਛਾਲ ਮਾਰ ਕੇ ਦੂਰ ਗਿਆ ਅਤੇ ਇੱਕ ਦਰੱਖਤ ਦੇ ਪਿੱਛੇ ਲੁਕ ਗਿਆ।

ਸ਼ੇਰ ਗਰਜਿਆ! ਉਹ ਖੂਹ ਅੰਦਰ ਵੇਖਿਆ। ਉੱਥੇ ਉਹ ਅਜੀਬ ਸ਼ੇਰ ਉਸਨੂੰ ਵਾਪਸ ਗਰਜਦਾ ਦਿੱਸਿਆ! ਸ਼ੇਰ ਨੇ ਉਸ ’ਤੇ ਹਮਲਾ ਕਰਨ ਲਈ ਖੂਹ ਵਿੱਚ ਛਾਲ ਮਾਰ ਦਿੱਤੀ।



ਅਤੇ ਇਸ ਤਰ੍ਹਾਂ ਸ਼ੇਰ ਰਾਜੇ ਦੀ ਚਤੁਰ ਯੋਜਨਾ ਦਾ ਅੰਤ ਹੋ ਗਿਆ!

ਇਹ ਪੰਚਤੰਤਰ ਦੀ ਇੱਕ ਕਹਾਣੀ ਹੈ।



Publisher Rajalakshmi Srinivasan Memorial Foundation

P. Saraswati V. Vijayakanthi

Punjabi Ramanpreet Kaur

L. S. Saraswathi S. Rajalakshmi

Artist Uma Krishnaswamy


28 ਲੰਮਾ ਜਾਂ ਛੋਟਾ?


ਊਠ ਅਤੇ ਸੂਰ ਬਹੁਤ ਚੰਗੇ ਦੋਸਤ ਸਨ। ਪਰ ਉਹ ਇੱਕ-ਦੂਜੇ ਨੂੰ ਬਿਨਾਂ ਰਹਿਮ ਦੇ ਛੇੜਦੇ ਰਹਿੰਦੇ ਸਨ! ਇੱਕ ਦਿਨ...

ਊਠ: ਓਏ ਛੋਟੇ! ਉੱਪਰ ਵੇਖ! ਕੀ ਤੈਨੂੰ ਇੰਨਾ ਲੰਮਾ ਨਹੀਂ ਬਣਨਾ?

ਸੂਰ: ਓ ਲੰਮੇ ਪੈਰਾਂ ਵਾਲੇ! ਮੈਂ ਲੰਮਾ ਕਿਉਂ ਬਣਾਂ? ਛੋਟਾ ਹੋਣਾ ਹੋਰ ਵੀ ਵਧੀਆ ਹੈ।

ਊਠ: ਵੇਖ! ਮੈਂ ਇਸ ਕੰਧ ਦੇ ਉੱਪਰੋਂ ਸਾਰਾ ਕੁਝ ਦੇਖ ਸਕਦਾ ਹਾਂ। ਦੂਜੇ ਪਾਸੇ ਕਿੰਨੀਆਂ ਸੋਹਣੀਆਂ ਚੀਜ਼ਾਂ ਖਾਣ ਲਈ ਹਨ — ਝਾੜੀਆਂ, ਨਵੇਂ ਦਰੱਖਤ ਅਤੇ ਫੁੱਲਦਾਰ ਬੂਟੇ। ਮੈਂ ਅਸਾਨੀ ਨਾਲ ਇਨ੍ਹਾਂ ਦੇ ਹਰੇ-ਭਰੇ ਡੰਡੀਆਂ ਅਤੇ ਪੱਤੇ ਖਾ ਸਕਦਾ ਹਾਂ। ਪਰ ਤੂੰ ਤਾਂ ਉਹਨਾਂ ਨੂੰ ਵੇਖ ਵੀ ਨਹੀਂ ਸਕਦਾ! ਹੁਣ ਸਮਝ ਆਈ?





ਸੂਰ: ਰੁਕ ਭਰਾ! ਧੀਰਜ ਰੱਖ। ਮੈਂ ਤੈਨੂੰ ਸਹੀ ਕਰਦਾ ਹਾਂ। ਕੀ ਤੂੰ ਕੰਧ ਦੇ ਹੇਠਾਂ ਵਾਲਾ ਉਹ ਸੁਰਾਖ ਵੇਖਦਾ ਹੈਂ? ਮੈਂ ਉਸ ਵਿਚੋਂ ਲੰਘ ਸਕਦਾ ਹਾਂ। ਮੈਂ ਦੂਜੇ ਪਾਸੇ ਜਾ ਸਕਦਾ ਹਾਂ! ਮੈਂ ਉੱਥੇ ਸਾਰੀਆਂ ਸੋਹਣੀਆਂ ਚੀਜ਼ਾਂ ਖਾ ਸਕਦਾ ਹਾਂ। ਪਰ ਤੂੰ! ਕੀ ਤੇਰਾ ਕੋਈ ਹਿੱਸਾ ਉਸ ਸੁਰਾਖ ਵਿੱਚ ਫਿੱਟ ਹੋ ਸਕਦਾ ਹੈ? ਨਹੀਂ! ਤੇਰਾ ਸਿਰ ਵੀ ਨਹੀਂ! (ਹੱਸਦਿਆਂ) ਚੱਲ, ਅਲਵਿਦਾ! ਮੈਨੂੰ ਇੱਥੋਂ ਖਾਂਦਾ ਦੇਖ! ਮਜ਼ੇ ਕਰ!

ਸੂਰ ਸੁਰਾਖ ਵਿੱਚੋਂ ਵੜ ਗਿਆ ਅਤੇ ਦੂਜੇ ਪਾਸੇ ਚਲਾ ਗਿਆ। ਊਠ ਹੈਰਾਨ ਰਹਿ ਗਿਆ। ਫਿਰ ਉਸਨੇ ਕਿਹਾ:

ਊਠ: ਜੋ ਤੂੰ ਕਿਹਾ ਉਹ ਸਹੀ ਹੈ:


ਕੁਝ ਛੋਟੇ ਹੁੰਦੇ ਹਨ
ਕੁਝ ਲੰਮੇ ਹੁੰਦੇ ਹਨ
ਮੇਰਾ ਆਕਾਰ ਕਿਉਂ
ਸਭ ਲਈ ਸਭ ਤੋਂ ਵਧੀਆ ਹੋਵੇ?

ਟੁੱਟਿਆ ਘੜਾ

ਗੋਪਾਲ ਇੱਕ ਮਿਹਨਤੀ ਆਦਮੀ ਸੀ ਅਤੇ ਉਸਦਾ ਇੱਕ ਕੰਮ ਦਰਿਆ ਤੋਂ ਪਾਣੀ ਲਿਆਉਣਾ ਸੀ। ਉਹ ਕਿੰਨੀ ਵਾਰ ਆਉਂਦਾ-ਜਾਂਦਾ ਸੀ! ਹਰ ਰੋਜ਼ ਅੱਗੇ-ਪਿੱਛੇ, ਪਿੱਛੇ-ਅੱਗੇ, ਉਹ ਉਸ ਰਾਹ ’ਤੇ ਤੁਰਦਾ ਸੀ ਜੋ ਉਸਦੇ ਆਪਣੇ ਪੈਰਾਂ ਨਾਲ ਬਣਿਆ ਸੀ।

ਗੋਪਾਲ ਦਰਿਆ ਦਾ ਪਾਣੀ ਦੋ ਘੜਿਆਂ ਵਿੱਚ ਲਿਆਉਂਦਾ ਸੀ ਜੋ ਇੱਕ ਲੰਬੇ ਡੰਡੇ ਨਾਲ ਉਸਦੇ ਮੋਢਿਆਂ ’ਤੇ ਟੰਗੇ ਹੁੰਦੇ ਸਨ। ਇੱਕ ਘੜਾ ਟੁੱਟਿਆ ਹੋਇਆ ਸੀ। ਛੋਟਾ ਜਿਹੀ ਦਰਾਰ ਸੀ, ਪਰ ਉਸ ਵਿਚੋਂ ਹਮੇਸ਼ਾਂ “ਟਪ-ਟਪ-ਟਪ” ਪਾਣੀ ਵਗਦਾ ਰਹਿੰਦਾ ਸੀ। ਦਰਿਆ ਤੋਂ ਘਰ ਤੱਕ ਆਉਂਦਿਆਂ ਅੱਧਾ ਪਾਣੀ ਰਸਤੇ ਵਿੱਚ ਹੀ ਵਗ ਜਾਂਦਾ ਸੀ।

ਇਹ ਵੇਖ ਕੇ ਸਹੀ ਘੜਾ ਘਮੰਡੀ ਹੋ ਗਿਆ। “ਮੈਨੂੰ ਵੇਖੋ!” ਉਸਨੇ ਕਿਹਾ। “ਮੈਂ ਹਮੇਸ਼ਾਂ ਇੱਕ ਬੂੰਦ ਵੀ ਗਿਰਾਏ ਬਿਨਾਂ ਘਰ ਪਹੁੰਚਦਾ ਹਾਂ!”



ਇਸ ਨਾਲ ਟੁੱਟਿਆ ਘੜਾ ਦੁਖੀ ਹੋ ਗਿਆ। “ਮੈਨੂੰ ਮਾਫ਼ ਕਰਨਾ!” ਉਹ ਗੋਪਾਲ ਨੂੰ ਕਹਿੰਦਾ। “ਤੂੰ ਇੰਨੀ ਮਿਹਨਤ ਕਰਦਾ ਹੈਂ ਪਾਣੀ ਲਿਆਉਣ ਲਈ! ਪਰ ਮੈਂ ਇਸਦਾ ਅੱਧਾ ਬਰਬਾਦ ਕਰ ਦਿੰਦਾ ਹਾਂ।”

ਇੱਕ ਵਾਰ ਐਸਾ ਹੀ ਕਹਿਣ ’ਤੇ ਗੋਪਾਲ ਹੱਸਿਆ। ਉਸਨੇ ਪਿਆਰ ਨਾਲ ਟੁੱਟੇ ਘੜੇ ਵੱਲ ਵੇਖਿਆ ਅਤੇ ਕਿਹਾ, “ਸਾਡੇ ਰਾਹ ’ਤੇ ਬਹੁਤ ਸੋਹਣੇ ਫੁੱਲ ਖਿੜੇ ਹਨ। ਜਦੋਂ ਅਸੀਂ ਲੰਘੀਏ ਤਾਂ ਧਿਆਨ ਨਾਲ ਉਹਨਾਂ ਨੂੰ ਵੇਖੀ।”

ਇਹ ਸੱਚ ਸੀ! ਰਸਤੇ ਦੇ ਨਾਲ ਬਹੁਤ ਸੋਹਣੇ ਫੁੱਲ ਖਿੜੇ ਹੋਏ ਸਨ। ਟੁੱਟਿਆ ਘੜਾ ਉਹਨਾਂ ਨੂੰ ਵੇਖ ਕੇ ਆਪਣੀ ਚਿੰਤਾ ਭੁੱਲ ਗਿਆ। ਉਹਨਾਂ ਦੀ ਸੁੰਦਰਤਾ ਨੇ ਉਸਦਾ ਦੁੱਖ ਦੂਰ ਕਰ ਦਿੱਤਾ। ਪਰ ਘਰ ਆ ਕੇ ਉਹ ਫਿਰ ਉਦਾਸ ਹੋ ਗਿਆ।

ਉਸਨੇ ਗੋਪਾਲ ਨੂੰ ਕਿਹਾ, "ਉਹ ਸੋਹਣੇ ਫੁੱਲਾਂ ਨੇ ਮੈਨੂੰ ਕੁਝ ਸਮੇਂ ਲਈ ਮੇਰੀ ਚਿੰਤਾ ਭੁਲਾ ਦਿੱਤੀ। ਪਰ ਤੇਰੀ ਮੁਸ਼ਕਲ ਮੇਰੇ ਕਾਰਨ ਵੱਧ ਗਈ ਹੈ। ਮੈਂ ਇਹ ਕਿਵੇਂ ਭੁੱਲ ਸਕਦਾ ਹਾਂ?"

"ਓ ਘੜੇ! ਤੂੰ ਸਭ ਤੋਂ ਮਹੱਤਵਪੂਰਨ ਗੱਲ ਨਹੀਂ ਵੇਖੀ!" ਗੋਪਾਲ ਨੇ ਕਿਹਾ। "ਫੁੱਲ ਸਿਰਫ਼ ਇੱਕ ਪਾਸੇ ਹੀ ਖਿੜੇ ਹਨ! ਇਹ ਤੇਰੇ ਤੋਂ ਵਗਣ ਵਾਲੇ ਪਾਣੀ ਕਰਕੇ ਹੀ ਖਿੜ ਰਹੇ ਹਨ।"

ਉਸਨੇ ਅੱਗੇ ਕਿਹਾ, "ਇੱਕ ਸਮੇਂ ਮੈਂ ਸੋਚਿਆ ਸੀ ਕਿ ਮੈਂ ਨਵਾਂ ਘੜਾ ਲੈ ਆਵਾਂ ਜਿਸ ਵਿੱਚ ਕੋਈ ਦਰਾਰ ਨਾ ਹੋਵੇ। ਪਰ ਫਿਰ ਮੈਂ ਸੋਚਿਆ, 'ਫੁੱਲ ਖਿੜਣੇ ਚਾਹੀਦੇ ਹਨ ਅਤੇ ਲੋਕਾਂ ਨੂੰ ਉਹਨਾਂ ਦਾ ਆਨੰਦ ਲੈਣਾ ਚਾਹੀਦਾ ਹੈ।'

"ਇਹ ਸਭ ਸੰਭਵ ਤੂੰ ਕੀਤਾ ਹੈਂ!" ਗੋਪਾਲ ਨੇ ਅੰਤ ਵਿੱਚ ਕਿਹਾ।

ਇਹ ਭਾਰਤ ਦੀ ਇੱਕ ਲੋਕ ਕਹਾਣੀ ਹੈ।



Publisher Rajalakshmi Srinivasan Memorial Foundation

P. Saraswati, V. Vijayakanthi, L. S. Saraswathi, S. Rajalakshmi

Punjabi Ramanpreet Kaur

Artist S. P. Raju

ਕੀੜੀ ਦੇ ਬਣਾਏ ਜੁੱਤੇ



ਇੱਕ ਵਾਰ ਇੱਕ ਕੀੜੀਜੰਗਲ ਵਿੱਚ ਰਹਿੰਦੀ ਸੀ। ਇਹ ਕੀੜੀ ਹੋਰ ਕੀੜੀਆਂ ਵਰਗੀ ਨਹੀਂ ਸੀ। ਉਹ ਹਮੇਸ਼ਾਂ ਨਵੀਆਂ ਚੁਣੌਤੀਆਂ ਦੀ ਖੋਜ ਕਰਦੀ ਰਹਿੰਦੀ ਸੀ।


ਇੱਕ ਦਿਨ ਉਸਨੇ ਜੁੱਤੇ ਸਿਉਣ ਦਾ ਫੈਸਲਾ ਕੀਤਾ। ਉਸਨੇ ਪੱਤੇ ਅਤੇ ਟਾਹਣੀਆਂ ਇਕੱਠੀਆਂ ਕੀਤੀਆਂ ਅਤੇ ਸਾਰੀ ਰਾਤ ਕੰਮ ਕੀਤਾ। ਸਵੇਰ ਤੱਕ ਉਸਨੇ ਇੱਕ ਜੋੜਾ ਤਿਆਰ ਕਰ ਲਿਆ। ਉਹ ਉਹਨਾਂ ਨੂੰ ਵੇਚਣ ਲਈ ਬਾਹਰ ਗਈ।

ਰਸਤੇ ਵਿੱਚ ਉਸਦੀ ਮੁਲਾਕਾਤ ਇੱਕ ਬਾਂਦਰ ਨਾਲ ਹੋਈ। ਉਸਨੇ ਕਿਹਾ, "ਚਾਚਾ ਜੀ, ਕਿਰਪਾ ਕਰਕੇ ਇਹ ਜੁੱਤੇ ਖਰੀਦੋ।" ਬਾਂਦਰ ਨੇ ਕਿਹਾ, "ਮੇਰੀ ਸਹੇਲੀ , ਮੈਂ ਚਾਰ ਟੰਗਾਂ ਨਾਲ ਤੁਰਦਾ ਹਾਂ। ਮੈਂ ਇੱਕ ਜੋੜੇ ਜੁੱਤਿਆਂ ਦਾ ਕੀ ਕਰਾਂਗਾ?"

ਉਸ ਦਿਨ ਜਿੰਨੇ ਵੀ ਜਾਨਵਰ ਕੀੜੀ ਨੂੰ ਮਿਲੇ, ਸਭ ਨੇ ਇਹੀ ਜਵਾਬ ਦਿੱਤਾ।

ਇਸ ਲਈ ਉਹ ਘਰ ਵਾਪਸ ਆ ਗਈ ਅਤੇ ਸਮਝ ਗਈ ਕਿ ਕੀ ਕਰਨਾ ਹੈ। ਉਸਨੇ ਹੋਰ ਪੱਤੇ ਅਤੇ ਟਾਹਣੀਆਂ ਇਕੱਠੀਆਂ ਕੀਤੀਆਂ ਅਤੇ ਫਿਰ ਸਾਰੀ ਰਾਤ ਕੰਮ ਕੀਤਾ। ਸਵੇਰ ਤੱਕ ਉਸਦੇ ਕੋਲ ਵੇਚਣ ਲਈ ਦੋ ਜੋੜੇ ਜੁੱਤੇ ਸਨ।





ਕੀੜੀ ਸਿੱਧੀ ਬਾਂਦਰ ਕੋਲ ਗਈ। ਬਾਂਦਰ ਬੈਠ ਗਿਆ ਅਤੇ ਚਾਰ ਜੁੱਤੇ ਆਪਣੇ ਹੱਥਾਂ ਵਿੱਚ ਲਏ। ਉਸਨੇ ਉਹਨਾਂ ਨੂੰ ਧਿਆਨ ਨਾਲ ਵੇਖਿਆ। ਫਿਰ ਕਿਹਾ, "ਇਹ ਜੁੱਤੇ ਥੋੜ੍ਹੇ ਛੋਟੇ ਹਨ। ਇਹ ਮੇਰੇ ਲਈ ਠੀਕ ਨਹੀਂ। ਪਰ ਇਹ ਤੇਰੇ ਵਰਗੀ ਕਿਸੇ ਹੋਰ ਕੀੜੀ ਨੂੰ ਆ ਸਕਦੇ ਹਨ। ਤੂੰ ਆਪਣੇ ਕਿਸੇ ਦੋਸਤ ਨੂੰ ਕਿਉਂ ਨਹੀਂ ਪੁੱਛਦੀ?" ਉਸਨੇ ਜੁੱਤੇ ਵਾਪਸ ਕਰ ਦਿੱਤੇ ਅਤੇ ਚਲਿਆ ਗਿਆ।

ਕੀੜੀ ਆਪਣੀ ਸਹੇਲੀ ਦੇ ਘਰ ਗਈ। ਉਸਨੇ ਉਸਨੂੰ ਜੁੱਤੇ ਦਿਖਾਏ। ਪਰ ਉਸਦੀ ਸਹੇਲੀ ਨੇ ਕਿਹਾ, "ਮੈਂ ਚਾਰ ਜੁੱਤਿਆਂ ਦਾ ਕੀ ਕਰਾਂ? ਅਸੀਂ ਕੀੜੀਆਂ ਦੇ ਛੇ ਪੈਰ ਹੁੰਦੇ ਹਨ। ਕੀ ਤੂੰ ਇਹ ਭੁੱਲ ਗਈ?"

ਕੀੜੀ ਸ਼ਰਮ ਨਾਲ ਲਾਲ ਹੋ ਗਈ! "ਤੂੰ ਸਹੀ ਕਹਿੰਦੀ ਹੈਂ," ਉਸਨੇ ਕਿਹਾ ਅਤੇ ਜਲਦੀ ਨਾਲ ਘਰ ਵਾਪਸ ਆ ਗਈ। ਉਸ ਰਾਤ ਉਸਨੇ ਇੱਕ ਹੋਰ ਜੋੜਾ ਜੁੱਤਾ ਸਿਉਂ ਲਿਆ। ਸਵੇਰ ਉਹ ਛੇ ਜੁੱਤੇ ਲੈ ਕੇ ਆਪਣੀ ਸਹੇਲੀ ਕੋਲ ਗਈ।






ਜਦੋਂ ਉਸਦੀ ਸਹੇਲੀ ਜੁੱਤੇ ਪਾ ਕੇ ਵੇਖ ਰਹੀ ਸੀ, ਕੀੜੀ ਨੇ ਸਾਹ ਰੋਕ ਲਿਆ। “ਕਿਰਪਾ ਕਰਕੇ ਇਹਨਾਂ ਨੂੰ ਪਸੰਦ ਕਰ! ਪਸੰਦ ਕਰ!” ਉਹ ਮਨ ਵਿੱਚ ਪ੍ਰਾਰਥਨਾ ਕਰ ਰਹੀ ਸੀ।

ਪਰ ਉਸਦੀ ਸਹੇਲੀ ਨੇ ਕਿਹਾ, “ਇਹ ਜੁੱਤੇ ਸੋਹਣੇ ਹਨ, ਪਰ ਇਹ ਬਹੁਤ ਹਲਕੇ ਹਨ। ਇਹ ਜਲਦੀ ਹੀ ਫਟ ਜਾਣਗੇ। ਇਸ ਲਈ ਮੈਂ ਇਹ ਨਹੀਂ ਲਵਾਂਗੀ। ਹੂੰਮ... ਮੈਨੂੰ ਇੱਕ ਵਿਚਾਰ ਆਇਆ! ਤੂੰ ਮੱਕੜੀ ਕੋਲ ਜਾ। ਉਹ ਜ਼ਰੂਰ ਇਹਨਾਂ ਨੂੰ ਖਰੀਦੇਗੀ।”




ਕੀੜੀ ਨਿਰਾਸ਼ ਹੋ ਗਈ! ਪਰ ਜਲਦੀ ਹੀ ਉਸਨੇ ਹੌਸਲਾ ਕਰ ਲਿਆ। ਕੀ ਉਸਦੇ ਜੁੱਤੇ ਵਧੀਆ ਨਹੀਂ ਸਨ? ਕੀ ਉਹ ਸੁੰਦਰ ਨਹੀਂ ਸਨ? ਅੱਜ ਉਹ ਆਪਣੇ ਸਾਰੇ ਛੇ ਜੁੱਤੇ ਵੇਚ ਦੇਵੇਗੀ! ਉਹ ਉਹਨਾਂ ਨੂੰ ਲੈ ਕੇ ਮੱਕੜੀ ਦੇ ਘਰ ਗਈ।

ਦਰਵਾਜ਼ੇ ’ਤੇ ਪਹੁੰਚ ਕੇ ਕੀੜੀ ਰੁਕ ਗਈ — ਜੇ ਉਹ ਅੰਦਰ ਗਈ ਤਾਂ ਕੀ ਉਹ ਫੜੀ ਨਹੀਂ ਜਾਵੇਗੀ? “ਮਾਸੀ ਜੀ!” ਉਸਨੇ ਆਵਾਜ਼ ਮਾਰੀ। “ਮੈਂ ਤੁਹਾਨੂੰ ਮਿਲਣ ਆਈ ਹਾਂ!” ਮੱਕੜੀ ਆਈ ਅਤੇ ਉਸਨੂੰ ਧਿਆਨ ਨਾਲ ਵੇਖਿਆ। “ਤੂੰ ਇੰਨੀ ਉਦਾਸ ਕਿਉਂ ਹੈਂ, ਮੇਰੀ ਬੱਚੀ?” ਕੀੜੀ ਨੇ ਆਪਣੀ ਸਾਰੀ ਕਹਾਣੀ ਦੱਸ ਦਿੱਤੀ।








ਅਚਾਨਕ ਕੀੜੀ ਨੇ ਸੋਚਿਆ, “ਓ! ਮੱਕੜੀ ਦੇ ਅੱਠ ਪੈਰ ਹਨ! ਉਹ ਮੈਨੂੰ ਫਿਰ ਇੱਕ ਹੋਰ ਜੋੜਾ ਬਣਾਉਣ ਲਈ ਕਹੇਗੀ!” ਪਰ ਮੱਕੜੀ ਕੋਲ ਇੱਕ ਹੋਰ ਵਧੀਆ ਵਿਚਾਰ ਸੀ।

“ਮੈਂ ਤੈਨੂੰ ਦੱਸਦੀ ਹਾਂ ਕਿ ਜੁੱਤੇ ਕਿਵੇਂ ਵੇਚਣੇ ਹਨ,” ਉਸਨੇ ਪਿਆਰ ਨਾਲ ਕਿਹਾ। “ਤੂੰ ਗੋਹੜੀ (ਮਿੱਲੀਪੀਡ) ਕੋਲ ਜਾ। ਉਸਦੇ ਬਹੁਤ ਸਾਰੇ ਪੈਰ ਹੁੰਦੇ ਹਨ। ਉਸਨੂੰ ਤੇਰੇ ਕੋਲ ਜਿੰਨੇ ਵੀ ਜੁੱਤੇ ਹੋਣਗੇ, ਸਭ ਦੀ ਲੋੜ ਪਵੇਗੀ।”

“ਧੰਨਵਾਦ, ਮਾਸੀ ਜੀ!” ਕੀੜੀ ਨੇ ਕਿਹਾ ਅਤੇ ਖੁਸ਼ੀ ਨਾਲ ਘਰ ਵਾਪਸ ਚਲੀ ਗਈ।

ਇਹ ਇੱਕ ਭਾਰਤੀ ਕਹਾਣੀ ਹੈ।



© Katha Jharna 2008

P. Saraswati V. Vijayakanthi

L. S. Saraswathi S. Rajalakshmi

Publisher Rajalakshmi Srinivasan Memorial Foundation

Punjabi Ramanpreet Kaur

Artist Uma Krishnaswamy

30 ਯਾਂਗ ਚਿੱਤਰਕਾਰ

ਇੱਕ ਵਾਰ ਯਾਂਗ ਨਾਮ ਦਾ ਇੱਕ ਲੜਕਾ ਆਪਣੇ ਮਾਮੇ ਨਾਲ ਰਹਿੰਦਾ ਸੀ, ਜੋ ਇੱਕ ਮਸ਼ਹੂਰ ਕਲਾਕਾਰ ਸੀ। ਹਰ ਰੋਜ਼ ਯਾਂਗ ਆਪਣੇ ਮਾਮੇ ਦੇ ਕੋਲ ਬੈਠ ਕੇ ਉਸਨੂੰ ਚਿੱਤਰ ਬਣਾਉਂਦਾ ਦੇਖਦਾ ਸੀ। ਉਹ ਹਰ ਇਕ ਛੋਟੀ-ਛੋਟੀ ਗੱਲ ਨੂੰ ਧਿਆਨ ਨਾਲ ਵੇਖਦਾ ਸੀ। ਉਸਨੂੰ ਸਮੇਂ ਦੇ ਬੀਤਣ ਦਾ ਪਤਾ ਹੀ ਨਹੀਂ ਲੱਗਦਾ ਸੀ।

ਯਾਂਗ ਦੇ ਮਾਮੇ ਨੇ ਵੇਖਿਆ ਕਿ ਦਿਨੋਂ-ਦਿਨ ਉਸਦਾ ਰੁਝਾਨ ਵਧਦਾ ਜਾ ਰਿਹਾ ਹੈ। ਇਸ ਲਈ ਉਸਨੇ ਉਸ ਲਈ ਚਿੱਤਰਕਲਾ ਦਾ ਸਮਾਨ ਖਰੀਦਿਆ ਅਤੇ ਕਿਹਾ, “ਜਾ ਅਤੇ ਚਿੱਤਰ ਬਣਾਓ!” ਯਾਂਗ ਆਪਣੇ ਪਿੰਡ ਵਿੱਚ ਘੁੰਮਦਾ ਅਤੇ ਚਿੱਤਰ ਬਣਾਉਂਦਾ ਰਹਿੰਦਾ। ਜਦੋਂ ਵੀ ਉਹ ਕੋਈ ਚਿੱਤਰ ਪੂਰਾ ਕਰਦਾ, ਉਸਦਾ ਮਾਮਾ ਉਸਨੂੰ ਵੇਖਦਾ।

ਇੱਕ ਦਿਨ ਉਸਦੇ ਮਾਮੇ ਨੇ ਕਿਹਾ, “ਤੇਰੇ ਚਿੱਤਰ ਬਹੁਤ ਹੀ ਸੋਹਣੇ ਹਨ! ਤੇਰੇ ਵਿੱਚ ਬਹੁਤ ਵੱਡੀ ਕਲਾ ਹੈ!” ਉਸਨੇ ਕੁਝ ਸਮੇਂ ਲਈ ਸੋਚਿਆ। “ਆਓ ਇੱਕ ਪ੍ਰਦਰਸ਼ਨੀ ਕਰੀਏ,” ਉਸਨੇ ਕਿਹਾ।”





“ਅਸੀਂ ਆਪਣੇ ਸਾਰੇ ਗੁਆਂਢੀਆਂ ਨੂੰ ਬੁਲਾਵਾਂਗੇ। ਅਸੀਂ ਤੇਰੇ ਚਿੱਤਰ ਦਿਖਾਵਾਂਗੇ। ਸਾਡੇ ਦੋਸਤ ਬਹੁਤ ਖੁਸ਼ ਹੋਣਗੇ!”


ਗੁਆਂਢੀ ਯਾਂਗ ਦੇ ਚਿੱਤਰ ਵੇਖਣ ਆਏ। ਸਭ ਨੇ ਉਸਦੀ ਬੜੀ ਤਾਰੀਫ਼ ਕੀਤੀ। “ਇਹ ਤਸਵੀਰਾਂ ਬਿਲਕੁਲ ਅਸਲੀ ਲੱਗਦੀਆਂ ਹਨ!” ਇੱਕ ਨੇ ਕਿਹਾ। “ਮੱਖੀਆਂ ਤੇਰੇ ਫੁੱਲਾਂ ਤੋਂ ਰਸ ਪੀਣ ਆਉਣਗੀਆਂ!” ਦੂਜੇ ਨੇ ਕਿਹਾ। “ਉਹ ਤੇਰੇ ਛੱਤਿਆਂ ਵਿੱਚ ਆਉਣਗੀਆਂ!”

ਯਾਂਗ ਦਾ ਮਾਮਾ ਬਹੁਤ ਖੁਸ਼ ਹੋਇਆ। ਪ੍ਰਦਰਸ਼ਨੀ ਤੋਂ ਬਾਅਦ ਉਸਨੇ ਯਾਂਗ ਨੂੰ ਕਿਹਾ, "ਮੇਰਾ ਇੱਕ ਦੋਸਤ ਸ਼ਹਿਰ ਵਿੱਚ ਰਹਿੰਦਾ ਹੈ। ਉਹ ਤੈਨੂੰ ਮਿਲਣਾ ਚਾਹੁੰਦਾ ਹੈ।" ਅਤੇ ਉਸਨੇ ਯਾਂਗ ਨੂੰ ਉਸਦੇ ਦੋਸਤ ਦੇ ਘਰ ਦਾ ਪਤਾ ਦਿੱਤਾ।

ਯਾਂਗ ਆਪਣੇ ਮਾਮੇ ਤੋਂ ਦੂਰ ਨਹੀਂ ਜਾਣਾ ਚਾਹੁੰਦਾ ਸੀ। ਪਰ ਉਹ ਇਨਕਾਰ ਕਿਵੇਂ ਕਰ ਸਕਦਾ ਸੀ? ਉਸਨੇ ਆਪਣਾ ਬੈਗ ਤਿਆਰ ਕੀਤਾ ਅਤੇ ਉਸੇ ਦਿਨ ਸ਼ਹਿਰ ਵੱਲ ਰਵਾਨਾ ਹੋ ਗਿਆ।

ਰਸਤਾ ਇੱਕ ਵੱਡੇ ਜੰਗਲ ਵਿੱਚੋਂ ਲੰਘਦਾ ਸੀ। ਦਰੱਖਤਾਂ ਵਿੱਚ ਤੁਰਦੇ ਹੋਏ ਯਾਂਗ ਖੁਸ਼ ਹੋ ਗਿਆ! ਬੇਲਾਂ, ਫੁੱਲਦਾਰ ਬੂਟੇ, ਜਾਨਵਰ, ਪੰਛੀ... ਸਭ ਦੇਖਣ ਲਈ ਮੌਜੂਦ ਸਨ।

ਯਾਂਗ ਰੁਕ ਗਿਆ ਅਤੇ ਚਿੱਤਰ ਬਣਾਉਣ ਲੱਗ ਪਿਆ। ਪਹਿਲਾਂ ਉਸਨੇ ਇੱਕ ਹਿਰਨ ਬਣਾਇਆ ਜੋ ਰਸਤੇ ਕੋਲ ਘਾਹ ਖਾ ਰਿਹਾ ਸੀ। ਫਿਰ ਉਸਨੇ ਇੱਕ ਦਰੱਖਤ ਦੀ ਟਾਹਣੀ 'ਤੇ ਬੈਠੇ ਪੀਲੇ ਪੰਛੀਆਂ ਦੀ ਜੋੜੀ ਬਣਾਈ ਅਤੇ ਦਰੱਖਤ! ਹਰ ਇੱਕ ਦਰੱਖਤ ਦੀ ਆਪਣੀ ਖਾਸੀਅਤ ਸੀ। ਉਹ ਸਾਰੇ ਬਣਾਉਣਾ ਚਾਹੁੰਦਾ ਸੀ!



ਯਾਂਗ ਕਈ ਦਿਨਾਂ ਤੱਕ ਜੰਗਲ ਵਿੱਚ ਰਹਿ ਕੇ ਚਿੱਤਰ ਬਣਾਉਂਦਾ ਰਿਹਾ। ਹਰ ਰਾਤ ਉਹ ਰਸਤੇ ਦੇ ਉੱਪਰ ਬਣੇ ਇੱਕ ਦਰੱਖਤੀ ਝੁੱਗੀ ਵਿੱਚ ਸੁਰੱਖਿਅਤ ਸੌਂਦਾ ਸੀ।

ਇੱਕ ਦਿਨ ਯਾਂਗ ਨੇ ਇੱਕ ਸੂਰ ਵੇਖਿਆ। ਜਦੋਂ ਉਹ ਉਸਦਾ ਚਿੱਤਰ ਬਣਾ ਰਿਹਾ ਸੀ, ਇੱਕ ਆਦਮੀ ਦੌੜਦਾ ਹੋਇਆ ਆਇਆ। ਉਹ ਚੀਖ ਰਿਹਾ ਸੀ, “ਸ਼ੇਰ! ਸ਼ੇਰ!”

ਹਾਏ ਨਹੀਂ! ਹੁਣ ਬਚਿਆ ਕਿਵੇਂ ਜਾਵੇ? ਯਾਂਗ ਨੂੰ ਇੱਕ ਵਿਚਾਰ ਆਇਆ। ਉਸਨੇ ਸੂਰ ਵਾਲੀ ਤਸਵੀਰ ਲਈ ਅਤੇ ਉਸਨੂੰ ਇੱਕ ਝਾੜੀ ਨਾਲ ਟਿਕਾ ਦਿੱਤਾ। ਫਿਰ ਉਹ ਅਤੇ ਉਹ ਆਦਮੀ ਤੇਜ਼ੀ ਨਾਲ ਦੌੜ ਗਏ।

ਜਲਦੀ ਹੀ ਸ਼ੇਰ ਝਾੜੀ ਕੋਲ ਆ ਗਿਆ। ਉਸਨੇ ਸੂਰ ਨੂੰ ਵੇਖਿਆ ਅਤੇ ਰੁਕ ਗਿਆ। “ਗ੍ਰ੍ਰ!” ਉਹ ਗਰਜਿਆ। ਉਹ ਝਪਟਣ ਲਈ ਤਿਆਰ ਹੋ ਗਿਆ।

ਤੁਰੰਤ ਯਾਂਗ ਅਤੇ ਉਹ ਆਦਮੀ ਦਰੱਖਤੀ ਝੁੱਗੀ ਵਿੱਚ ਵੜ੍ਹ ਗਏ। ਉਹ ਸੁਰੱਖਿਅਤ ਸਨ! ਇਹ ਚੀਨ ਦੀ ਇੱਕ ਕਹਾਣੀ ਹੈ।

ਇਹ ਚੀਨ ਦੀ ਇੱਕ ਕਹਾਣੀ ਹੈ।



© Katha Jharna 2008

P. Saraswati V. Vijayakanthi
L. S. Saraswathi S. Rajalakshmi

Publisher Rajalakshmi Srinivasan Memorial Foundation
Punjabi Ramanpreet Kaur
Artist S. P. Raju